بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.05.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਸ਼ਹੀਦਾਂ ਦੇ ਸਰਦਾਰ, ਰੱਬ ਦੇ ਸ਼ੇਰ ਅਤੇ ਰਸੂਲ ਦੇ ਸ਼ੇਰ

**ਹਜ਼ਰਤ ਹਮਜ਼ਹ ਬਿਨ ਅਬਦੁਲ ਮੁਤਲਿਬ ਰਜ਼ੀ ਅਲੱਾਹ ਅਨਹੁ ਦੀਆਂ ਖ਼ੂਬੀਆਂ ਦਾ ਮਨ ਨੂੰ ਛੂਹ ਲੈਂਣ ਵਾਲਾ ਇਮਾਨ ਵਧਾਉ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਮਈ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਮੌਕੇ ਫ਼ਰਮਾਇਆ ਕਿ ਹਜ਼ਰਤ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਸਮੇਂ ਅਰਬ ਜਾਤੀ ਦੀ ਸਮਾਜਕ, ਧਾਰਮਕ, ਆਚਰਨਕ ਅਤੇ ਆਤਮਕ ਅਵਸਥਾ ਕੀ ਸੀ । ਘਰ ਘਰ ਵਿੱਚ ਝਗੱੜੇ, ਸ਼ਰਾਬ ਨੋਸ਼ੀ, ਵਿਭਚਾਰ ਅਤੇ ਲੁੱਟਮਾਰ ਭਾਵ ਇਹ ਕਿ ਹਰ ਇਕ ਬਦੀ ਉਹਨਾਂ ਵਿੱਚ ਸੀ। ਰੱਬ ਨਾਲ ਕਿਸੇ ਪ੍ਰਕਾਰ ਦਾ ਕੋਈ ਮੇਲ ਜਾਂ ਕੋਈ ਸੰਬੰਧ ਅਤੇ ਕੋਈ ਨੇਕੀ ਕਿਸੇ ਨੂੰ ਪ੍ਰਾਪਤ ਨਹੀਂ ਸੀ । ਹਰ ਕੋਈ ਫ਼ਿਰਔਨ ਬਣਿਆ ਫਿਰਦਾ ਸੀ ਪਰੰਤੂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਆਉਣ ਨਾਲ ਜੱਦ ਉਹ ਇਸਲਾਮ ਵਿੱਚ ਦਾਖ਼ਲ ਹੁੰਦੇ ਗਏ ਤਾਂ ਅਜਿਹਾ ਪਿਆਰ ਇਲਾਹੀ ਪ੍ਰੇਮ ਅਤੇ ਏਕਤਾ ਦੀ ਆਤਮਾ ਉਹਨਾਂ ਵਿੱਚ ਪੈਦਾ ਹੋ ਗਈ ਕਿ ਹਰ ਇਕ ਰੱਬ ਦੇ ਮਾਰਗ ਵਿੱਚ ਮਰਨ ਲਈ ਤਤਪਰ ਹੋ ਗਿਆ ਉਹਨਾਂ ਨੇ ਬੈਅਤ ਦੀ ਵਾਸਤਵਿਕਤਾ ਨੂੰ ਪ੍ਰਕਟ ਕਰ ਦਿੱਤਾ ਅਤੇ ਆਪਣਾ ਕਰਮਾ ਤੋਂ ਇਸ ਦੀ ਉਧਾਰਣ ਦਿਖਾਈ । ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਾਮ ਦੇ ਸਹਾਬਾ ਨੇ ਕਿੰਨ੍ਹੀ ਵਫ਼ਾਦਾਰੀ ਦਾ ਨਮੂਨਾ ਦਿਖਾਇਆ ਜਿਸ ਦੀ ਉਧਾਰਣ ਨ ਪਹਿਲਾਂ ਸੀ ਨ ਅੱਗੇ ਦਿਖਾਈ ਦਿੰਦੀ ਹੈ । ਆਪ ਫ਼ਰਮਾਉਂਦੇ ਹਨ ਕਿ ਜੇਕਰ ਰੱਬ ਚਾਹੇ ਤਾਂ ਫਿਰ ਵੀ ਉਹੋ ਜਿਹਾ ਕਰ ਸਕਦਾ ਹੈ । ਇਹਨਾਂ ਉਧਾਰਣਾ ਨਾਲ ਦੂਜਿਆਂ ਨੂੰ ਲਾਭ ਹੈ । ਆਪ ਆਪਣੀ ਜਮਾਤ ਬਾਰੇ ਫ਼ਰਮਾਉਂਦੇ ਹਨ ਕਿ ਰੱਬ ਅਜਿਹੇ ਨਮੂਨੇ ਪੈਦਾ ਕਰ ਸਕਦਾ ਹੈ । ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਸਹਾਬਾ ਕਰਾਮ ਦੀ ਪ੍ਰਸ਼ੰਸਾ ਵਿੱਚ ਕੀ ਖ਼ੂਬ ਰਮਾਇਆ ਹੈ :

(مِنَ الۡمُؤۡمِنِیۡنَ رِجَالٌ صَدَقُوۡا مَا عَاهَدُوا اللّٰہَ عَلَیۡہِ ۚ فَمِنۡہُمۡ مَّنۡ قَضٰی نَحۡبَہٗ وَمِنۡہُمۡ مَّنۡ یَّنۡتَظِرُ)

ਕਿ ਮੋਮਿਨਾਂ ਵਿੱਚ ਅਜਿਹੇ ਪੁਰੁਸ਼ ਹਨ ਜਿੰਨ੍ਹਾ ਨੇ ਉਸ ਵਾਦੇ ਨੂੰ ਸਚੱਾ ਕਰ ਦਿਖਾਇਆ ਜੋ ਉਹਨਾਂ ਨੇ ਰੱਬ ਨਾਲ ਕੀਤਾ ਸੀ, ਸੋ ਉਹਨਾਂ ਵਿੱਚੋਂ ਕਈ ਆਪਣੀਆਂ ਜਾਨਾ ਵਾਰ ਚੁਕੇ ਹਨ ਅਤੇ ਕਈ ਜਾਨਾਂ ਵਾਰਨ ਲਈ ਤਤਪਰ ਬੈਠੇ ਹਨ । ਫ਼ਰਮਾਉਂਦੇ ਹਨ ਕਿ ਸਹਾਬਾ ਦੀ ਪ੍ਰਸ਼ੰਸਾ ਵਿੱਚ ਕੁਰਆਨ ਕਰੀਮ ਵਿੱਚੋਂ ਆਇਤਾਂ ਇਕਤੱਰ ਕੀਤੀਆਂ

ਜਾਣ ਤਾਂ ਇਸ ਤੋਂ ਵਧੱਕੇ ਹੋਰ ਕੋਈ ਪਵਿੱਤਰ ਚਰਿਤ੍ਰ ਨਹੀਂ । ਸੋ, ਨੇਕੀਆਂ ਦੇ ਅਤੇ ਕੁਰਬਾਨੀਆਂ ਦੇ ਇਹ ਨਮੂਨੇ ਸਾਡੇ ਲਈ ਪਵਿੱਤਰ ਚਰਿਤ੍ਰ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ, ਮੈਂ ਸਹਾਬਾ ਦੇ ਹਾਲਾਤ ਵਰਨਣ ਕਰਦਾ ਰਿਹਾ ਹਾਂ ਜਿੰਨ੍ਹਾ ਵਿੱਚ ਬਦਰੀ (ਬਦਰ ਦੀ ਜੰਗ ਵਿੱਚ ਭਾਗ ਲੈਂਣ ਵਾਲੇ) ਸਹਾਬਾ ਵੀ ਸਨ ਅਤੇ ਕੁਝ ਦੂਜੇ ਵੀ, ਪਰ ਮੈਂਨੂੰ ਵਿਚਾਰ ਆਇਆ ਕਿ ਪਹਿਲਾਂ ਕੇਵਲ ਬਦਰ ਦੀ ਜੰਗ ਵਿੱਚ ਭਾਗ ਲੈਂਣ ਵਾਲੇ ਸਹਾਬਾ ਦਾ ਵਰਨਣ ਕਰਾਂ, ਉਹਨਾਂ ਦਾ ਇਕ ਵਿਸ਼ੇਸ਼ ਸਥਾਨ ਹੈ । ਇਹ ਉਹ ਲੋਕ ਹਨ ਜਿੰਨ੍ਹਾ'ਤੋਂ ਰੱਬ ਰਾਜ਼ੀ ਹੋ ਗਿਆ ਅਤੇ ਇਹ ਲੋਕ ਰੱਬ ਦੀ ਵਿਸ਼ੇਸ਼ ਰਜ਼ਾ ਪ੍ਰਾਪਤ ਕਰਨ ਵਾਲੇ ਲੋਕ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਹਜ਼ਰਤ ਹਮਜ਼ਾ ਬਿਨ ਅਬਦੁਲ ਮੁਤਲਿਬ ਦਾ ਵਰਨਣ ਕਰਾਂਗਾ । ਇਹ ਸ਼ਹੀਦਾਂ ਦੇ ਸਰਦਾਰ ਦੇ ਟਾਈਟਲ ਨਾਲ ਪ੍ਰਸਿੱਧ ਹਨ ਅਤੇ ਇਸੇ ਪ੍ਰਕਾਰ ਅਸਦੁਲੱਾਹ ਤੇ ਅਸਦੇ ਰਸੂਲ ਦਾ ਵੀ ਉਪਨਾਮ ਹੈ ਇਹਨਾਂ ਦਾ । ਹਜ਼ਰਤ ਹਮਜ਼ਾ ਕੁਰੈਸ਼ ਜਾਤਿ ਦੇ ਸਰਦਾਰ ਹਜ਼ਰਤ ਅਬਦੁਲ ਮੁਤਲਿਬ ਦੇ ਸਾਹਿਬਜ਼ਾਦੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਚਾਚਾ ਸਨ । ਹਜ਼ਰਤ ਹਮਜ਼ਾ ਦੀ ਮਾਂ ਦਾ ਨਾਂ ਹਾਲਾ ਸੀ ਅਤੇ ਇਹ ਵੀ ਰਸੂਲੁਲੱਾਹ ਸਲਲੱਾਹੁ ਅਲੈਅਹਿ ਵਸਲਮ ਦੀ ਮਾਂ ਹਜ਼ਰਤ ਆਮਨਾ ਦੀ ਚਾਚੇ ਵੱਲੋਂ ਭੈਣ ਸਨ । ਹਜ਼ਰਤ ਹਮਜ਼ਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਦੋ ਸਾਲ ਅਤੇ ਇਕ ਰਿਵਾਇਤ ਅਨੁਸਾਰ ਚਾਰ ਸਾਲ ਉਮਰ ਵਿੱਚ ਵੱਡੇ ਸਨ । ਹਜ਼ਰਤ ਹਮਜ਼ਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਰਜ਼ਾਈ (ਦੁੱਧ ਭਾਈ) ਭਾਈ ਵੀ ਸਨ । ਇਕ ਦਾਸੀ ਸੀ ਸ਼ੈਬਾ ਉਹਨਾਂ ਨੇ ਦੋਹਾਂ ਨੂੰ ਦੁੱਧ ਪਿਆਇਆ ਸੀ । ਹਜ਼ਰਤ ਹਮਜ਼ਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਬੁਵੱਤ ਦੇ ਦਾਵੇ ਦੇ ਬਾਦ 6 ਨਬਵੀ ਵਿੱਚ ਦਾਰੇ ਅਰਕਮ ਦੇ ਜੁੱਗ ਵਿੱਚ ਇਸਲਾਮ ਕੁਬੂਲ ਕਰਨ ਦਾ ਸੰਜੋਗ ਪ੍ਰਾਪਤ ਕੀਤਾ । ਹਜ਼ਰਤ ਹਮਜ਼ਾ ਦੇ ਇਸਲਾਮ ਕੁਬੂਲ ਕਰਨ ਦੀ ਘਟਨਾ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਤਿਹਾਸਕ ਘਟਨਾਵਾਂ ਦੇ ਚਾਨ੍ਹਣੇ ਵਿੱਚ ਆਪਣੇ ਅੰਦਾਜ਼ ਵਿੱਚ ਵਰਨਣ ਕੀਤਾ ਹੈ ਉਸ ਦਾ ਕੁਝ ਸਾਰ ਮੈਂ ਵਰਨਣ ਕਰਾਂਗਾ । ਇਕ ਦਿਨ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਸਫ਼ਾ ਤੇ ਮਰਵਾ ਦੀਆਂ ਪਹਾੜੀਆਂ ਵਿੱਚ ਇਕ ਪਥੱਰ'ਤੇ ਬੈਠੇ ਸਨ ਅਤੇ ਨਿਸ਼ਚੇ ਹੀ ਇਹੋ ਸੋਚ ਰਹੇ ਸਨ ਕਿ ਰੱਬ ਦੀ ਤੌਹੀਦ (ਇਕਈਸ਼ਵਰਵਾਦ) ਨੂੰ ਕਿਵੇਂ ਸਥਾਪਤ ਕੀਤਾ ਜਾਵੇ ਕਿ ਐਨ੍ਹੇ ਵਿੱਚ ਅਬੂਜਹਿਲ ਆ ਗਿਆ । ਉਸ ਨੇ ਆਪ ਨੂੰ ਬਹੁਤ ਗੰਦੀਆਂ ਗਾਲ੍ਹਾਂ ਕਢੱਣੀਆਂ ਸ਼ੁਰੂ ਕਰ ਦਿੱਤੀਆਂ । ਆਪ ਖ਼ਮੋਸ਼ੀ ਨਾਲ ਉਸ ਦੀਆਂ ਗਾਲ੍ਹਾਂ ਨੂੰ ਸੁਣਦੇ ਰਹੇ ਅਤੇ ਸਹਿਨ ਕੀਤੀਆਂ । ਇਕ ਸ਼ਬਦ ਵੀ ਮੂੰਹੋ ਨ ਕੱਢਿਆ । ਅਬੂਜਹਿਲ ਜੱਦ ਜੀ ਭਰਕੇ ਗਾਲ੍ਹਾਂ ਕਢੱ ਚੁੱਕਿਆ ਤਾਂ ਇਸ ਦੇ ਬਾਦ ਉਹ ਬਦਬਖ਼ਤ ਅੱਗੇ ਵੱਧਿਆ ਅਤੇ ਆਪ ਦੇ ਮੂੰਹ'ਤੇ ਥਪੱੜ ਮਾਰਿਆ, ਪਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਫਿਰ ਵੀ ਉਸ ਨੂੰ ਕੁਝ ਨਹੀਂ ਕਿਹਾ । ਸਾਹਮਣੇ ਹੀ ਹਮਜ਼ਾ ਦਾ ਘਰ ਸੀ । ਉਹਨਾਂ ਦੀ ਦਿਨਚਰਜਾ ਸੀ ਕਿ ਪ੍ਰਤੀਦਿਨ ਸਵੇਰੇ ਤੀਰਕਮਾਨ ਲੈਕੇ ਸ਼ਿਕਾਰ ਨੂੰ ਚਲੇ ਜਾਇਆ ਕਰਦੇ ਸਨ ਅਤੇ ਸ਼ਾਮ ਨੂੰ ਪਰਤਦੇ ਸਨ । ਜੱਦ ਅਬੂਜਹਿਲ ਇਹ ਸਭ ਕੁਝ ਕਰ ਰਿਹਾ ਸੀ ਤਾਂ ਹਜ਼ਰਤ ਹਮਜ਼ਾ ਦੀ ਇਕ ਦਾਸੀ ਦਰਵਾਜ਼ੇ'ਤੇ ਖੜੀ ਇਹ ਸਾਰਾ ਦ੍ਰਿਸ਼ ਦੇਖ ਰਹੀ ਸੀ, ਪਰ ਕੁਝ ਨਹੀਂ ਕਰ ਸਕਦੀ ਸੀ, ਦੇਖਦੀ ਰਹੀ, ਸੁਣਦੀ ਰਹੀ ਅਤੇ ਅੰਦਰ ਹੀ ਅੰਦਰ ਕ੍ਰੋਧਤ ਹੁੰਦੀ ਰਹੀ । ਸ਼ਾਮ ਨੂੰ ਹਜ਼ਰਤ ਹਮਜ਼ਾ ਜੱਦ ਆਪਣੇ ਸ਼ਿਕਾਰ ਨਾਲ ਵਾਪਸ ਆਏ ਤਾਂ ਦਾਸੀ ਨੇ ਕਿਹਾ ਤੁਹਾਨੂੰ ਸ਼ਰਮ ਨਹੀਂ ਆਉਂਦੀ ਵੱਡੇ ਬਹਾਦਰ ਬਣੇ ਫਿਰਦੇ ਹੋ । ਹਮਜ਼ਾ ਨੇ ਹੈਰਾਨੀ ਨਾਲ ਪੁੱਛਿਆ ਕਿ ਕੀ ਮਾਮਲਾ ਹੈ ? ਦਾਸੀ ਨੇ ਕਿਹਾ ਕਿ ਮਾਮਲਾ ਕੀ ਹੈ ਤੁਹਾਡਾ ਭਤੀਜਾ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇੱਥੇ ਬੈਠਾ ਸੀ ਕਿ ਅਬੂਜਹਿਲ ਆਇਆ ਅਤੇ ਉਸ ਨੇ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਹਮਲਾ ਕਰ ਦਿਤੱਾ ਅਤੇ ਬਹੁਤ ਗਾਲ੍ਹਾਂ ਕੱਢੀਆਂ ਅਤੇ ਫਿਰ ਉਹਨਾ ਦੇ ਮੂੰਹ'ਤੇ ਥਪੱੜ ਮਾਰਿਆ, ਪਰ ਮੁਹਮੱਦ ਸਲਲੱਾਹੁ ਅਲੈਹਿ ਵਸਲ ਨੇ ਉਫ਼ ਤੱਕ ਨ ਕੀਤੀ ਅਤੇ ਖ਼ਮੋਸ਼ੀ ਨਾਲ ਸੁਣਦੇ ਰਹੇ । ਹਮਜ਼ਾ ਦੇ ਜੱਦ ਆਪਣੀ ਦਾਸੀ ਤੋਂ ਇਹ ਗੱਲ

ਸੁਣੀ ਤਾਂ ਉਹਨਾਂ ਦੀਆਂ ਅਖੱਾਂ ਵਿੱਚ ਲਹੂ ਉਤਰ ਆਇਆ ਅਤੇ ਉਹਨਾਂ ਦੀ ਪਰਿਵਾਰਕ ਗ਼ੈਰਤ ਜੋਸ਼ ਵਿੱਚ ਆ ਗਈ । ਉਸੇ ਸਮੇਂ ਬਿਨਾ ਆਰਾਮ ਕੀਤੇ ਗੁੱਸੇ ਨਾਲ ਕਾਬੇ ਵੱਲ ਤੁਰ ਪਏ । ਪਹਿਲਾਂ ਉਹਨਾਂ ਦੇ ਕਾਬੇ ਦੀ ਪਰਿਕਰਮਾ ਕੀਤੀ ਅਤੇ ਇਸ ਦੇ ਬਾਦ ਸਭਾ ਵੱਲ ਵਧੇ ਜਿਸ ਵਿੱਚ ਅਬੂਜਹਿਲ ਬੈਠਾ ਹੋਇਆ ਗਪੱਾਂ ਮਾਰ ਰਿਹਾ ਸੀ ਅਤੇ ਉਸ ਘਟਨਾ ਨੂੰ ਸੁਆਦ ਲੈ ਲੈਕੇ ਸੁਣਾ ਰਿਹਾ ਸੀ ਅਤੇ ਹੰਕਾਰ ਨਾਲ ਵਰਨਣ ਕਰ ਰਿਹਾ ਸੀ ਕਿ ਅੱਜ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਇਉਂ ਗਾਲ੍ਹਾਂ ਕੱਢੀਆਂ ਅਤੇ ਇਹ ਸੁਲੂਕ ਕੀਤਾ । ਹਮਜ਼ਾ ਜੱਦ ਉਸ ਸਭਾ ਵਿੱਚ ਪਹੁੰਚੇ ਤਾਂ ਉਹਨਾਂ ਨੇ ਜਾਂਦਿਆਂ ਹੀ ਕਮਾਨ ਅਬੂਜਹਿਲ ਦੇ ਸਿਰ'ਤੇ ਜ਼ੋਰ ਨਾਲ ਮਾਰੀ ਅਤੇ ਕਿਹਾ ਕਿ ਤੂੰ ਆਪਣੀ ਬਹਾਦਰੀ ਦੇ ਦਾਵੇ ਕਰ ਰਿਹਾ ਹੈਂ ਅਤੇ ਲੋਕਾਂ ਨੂੰ ਸੁਣਾ ਰਿਹਾ ਹੈਂ ਕਿ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਇਉਂ ਜ਼ਲੀਲ ਕੀਤਾ । ਹੁਣ ਮੈਂ ਤੈਂਨੂੰ ਜ਼ਲੀਲ ਕਰਦਾ ਹਾਂ, ਜੇਕਰ ਹੌਂਸਲਾ ਹੈ ਤਾਂ ਮੇਰੇ ਸਾਹਮਣੇ ਬੋਲ । ਅਬੂਜਹਿਲ ਉਸ ਸਮੇਂ ਮੱਕੇ ਵਿੱਚ ਇਕ ਬਹਾਦਰ ਬਾਦਸ਼ਾਹ ਦਾ ਮਰਤਬਾ ਰਖੱਦਾ ਸੀ ਅਤੇ ਆਪਣੀ ਕੌਮ ਦਾ ਸਰਦਾਰ ਸੀ । ਜੱਦ ਉਸ ਦੇ ਸਾਥੀਆਂ ਨੇ ਇਹ ਮਾਜਰਾ ਦੇਖਿਆ ਤਾਂ ਉਹ ਜੋਸ਼ ਨਾਲ ਉੱਠੇ ਅਤੇ ਉਹਨਾਂ ਨੇ ਹਮਜ਼ਾ ਉਪੱਰ ਹਮਲਾ ਕਰਨਾ ਚਾਹਿਆ ਪਰ ਅਬੂਜਹਿਲ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਖ਼ਮੋਸ਼ੀ ਨਾਲ ਗਾਲ੍ਹਾਂ ਸੁਨਣ ਤੇ ਸਹਿਨ ਕਰਨ ਕਰਕੇ ਅਤੇ ਫਿਰ ਹੁਣ ਹਮਜ਼ਾ ਦੀ ਦਲੇਰੀ ਤੇ ਜੁਰੱਤ ਕਰਕੇ ਰੁਹਬ ਵਿੱਚ ਆ ਗਿਆ ਸੀ ਵਿਚੱਕਾਰ ਆ ਗਿਆ ਅਤੇ ਉਹਨਾਂ ਲੋਕਾਂ ਨੂੰ ਹਮਲਾ ਕਰਨ ਤੋਂ ਰੋਕਿਆ ਅਤੇ ਕਿਹਾ ਤੁਸੀਂ ਲੋਕ ਜਾਣ ਦਿਓ ਅਸਲ ਗੱਲ ਇਹ ਹੈ ਕਿ ਮੈਂਥੋਂ ਹੀ ਕੁਝ ਵਧੀਕੀ ਹੋ ਗਈ ਸੀ ਅਤੇ ਹਮਜ਼ਾ ਸਚੱਾਈ'ਤੇ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪਣੇ ਅੰਦਾਜ਼ ਵਿੱਚ ਲਿੱਖਿਆ ਹੈ ਕਿ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜਿਸ ਸਮੇਂ ਸਫ਼ਾ ਤੇ ਮਰਵਾ ਦੀਆਂ ਪਹਾੜੀਆਂ'ਚੋਂ ਵਾਪਸ ਘਰ ਅਏ ਸਨ, ਆਪ ਆਪਣੇ ਮਨ ਵਿੱਚ ਇਹ ਕਹਿ ਰਹੇ ਸਨ ਕਿ ਮੇਰਾ ਕੰਮ ਲੜਨਾ ਨਹੀਂ ਹੈ ਸਗੋਂ ਸਬਰ ਨਾਲ ਗਾਲ੍ਹਾਂ ਝਲੱਣੀਆਂ ਹਨ, ਪਰ ਅਰਸ਼ਾਂ'ਤੇ ਰੱਬ ਕਹਿ ਰਿਹਾ ਸੀ ਕਿ ਹੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ, ਤੂੰ ਲੜਨ ਲਈ ਤਿਆਰ ਨਹੀਂ ਪਰ ਕੀ ਅਸੀਂ ਨਹੀਂ ਹਨ ਤੇਰੀ ਥਾਂ ਦੁਸਮਣਾ ਦਾ ਮੁਕਾਬਲਾ ਕਰਨ ਲਈ । ਸੋ, ਉਸੇ ਦਿਨ ਰੱਬ ਨੇ ਅਬੂਜਹਿਲ ਦਾ ਮੁਕਾਬਲਾ ਕਰਨ ਵਾਲਾ ਇਕ ਜਾਨ ਨਿਛਾਵਰ ਕਰਨ ਵਾਲਾ ਆਪ ਨੂੰ ਦੇ ਦਿਤੱਾ ਅਤੇ ਹਜ਼ਰਤ ਹਮਜ਼ਾ ਨੇ ਉਸੇ ਸਭਾਂ ਵਿੱਚ ਜਿਸ ਵਿੱਚ ਉਹਨਾਂ ਨੇ ਅਬੂਜਹਿਲ ਦੇ ਸਿਰ ਵਿੱਚ ਕਮਾਨ ਮਾਰੀ ਸੀ ਆਪਣੇ ਇਮਾਨ ਦੀ ਘੋਸ਼ਣਾ ਕਰ ਦਿੱਤੀ ਅਤੇ ਅਬੂਜਹਿਲ ਨੂੰ ਸੰਬੋਧਤ ਕਰਕੇ ਕਿਹਾ ਕਿ ਤੂੰ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਕੇਵਲ ਇਸ ਲਈ ਗਾਲ੍ਹਾਂ ਦਿੱਤੀਆਂ ਹਨ ਕਿ ਉਹ ਕਹਿੰਦਾ ਹੈ ਕਿ ਮੈਂ ਰੱਬ ਦਾ ਰਸੂਲ ਹਾਂ ਅਤੇ ਫ਼ਰਿਸ਼ਤੇ ਮੇਰੇ ਉਪੱਰ ਉਤਰਦੇ ਹਨ । ਕੰਨ੍ਹ ਖੋਲ੍ਹਕੇ ਸੁਣ ਲਓ ਕਿ ਮੈਂ ਵੀ ਅੱਜ ਤੋਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਦੀਨ ਉਪੱਰ ਕਾਇਮ ਹਾਂ ਅਤੇ ਮੈਂ ਵੀ ਉਹੋ ਕਹਿੰਦਾ ਹਾਂ ਜੋ ਕੁਝ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਕਹਿੰਦੇ ਹਨ । ਜੇਕਰ ਤੇਰੇ ਵਿੱਚ ਹਿਮੱਤ ਹੈ ਤਾਂ ਆ ਮੇਰੇ ਨਾਲ ਮੁਕਾਬਲਾ ਕਰ ਲੈ । ਇਹ ਕਹਿਕੇ ਹਮਜ਼ਾ ਮੁਸਲਮਾਨ ਹੋ ਗਏ । ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਹਮਜ਼ਾ ਨੇ ਮੁਸਲਮਾਨ ਹੋਣ ਦੇ ਬਾਦ ਮੱਕੇ ਦੇ ਜੋ ਮੁਸਲਮਾਨ ਸਨ ਉਹਨਾਂ ਦੇ ਇਮਾਨ ਨੂੰ ਬਹੁਤ ਤਾਕਤ ਮਿਲੀ । ਹਜ਼ਰਤ ਹਮਜ਼ਾ ਨੇ ਵੀ ਹੋਰਨਾ ਮੁਸਲਮਾਨਾਂ ਦੇ ਨਾਲ ਮਦੀਨੇ ਵੱਲ ਹਿਜਰਤ ਕੀਤੀ ।

ਮਦੀਨੇ ਹਿਜਰਤ ਦੇ ਬਾਦ ਵੀ ਕੁਫ਼ੱਾਰ ਦੀਆਂ ਦੁਸ਼ਮਣੀਆਂ ਖ਼ਤਮ ਨਹੀਂ ਹੋਈਆਂ । ਇਸ ਲਈ ਮੁਸਲਮਾਨਾਂ ਨੂੰ ਬਹੁਤ ਹੁਸ਼ਿਆਰ ਰਹਿਣਾ ਪੈਂਦਾ ਸੀ ਅਤੇ ਕੁਫ਼ੱਾਰ ਦੀਆਂ ਕਾਰਵਾਈਆਂ ਉਪੱਰ ਤਿੱਖੀ ਨਜ਼ਰ ਰਖੱਣੀ ਪੈਂਦੀ ਸੀ । ਰਿਵਾਇਤ ਵਿੱਚ ਹੈ ਕਿ ਕੁਰੈਸ਼ ਦੀਆਂ ਕਾਰਵਾਈਆਂ ਤੇ ਦੁਸ਼ਮਣੀਆਂ ਤੋਂ ਜਾਣੂ ਰਹਿਣ ਲਈ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਵਿਉਤ ਬੰਦੀਆ ਦੀ ਲੋੜ ਪਈ ਜਿੰਨ੍ਹਾ ਵਿੱਚ ਹਜ਼ਰਤ ਹਮਜ਼ਾ ਨੂੰ

ਅਸਾਧਾਰਣ ਸੇਵਾ ਦਾ ਮੌਕਾ ਪ੍ਰਾਪਤ ਹੋਇਆ । ਰਬੀਉਲ ਅਵੱਲ ਦੋ ਹਿਜਰੀ ਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰ ਹਮਜ਼ਾ ਦੀ ਨਿਗਰਾਨੀ ਵਿੱਚ ਤੀਹ ਸ਼ਤੁਰ ਸਵਾਰ ਮੁਹਾਜਰਾਂ 'ਤੇ ਅਧਾਰਤ ਇਕ ਦਲ ਇਕ ਖੇਤਰ ਵੱਲ ਰਵਾਨਾ ਕੀਤਾ । ਹਮਜ਼ਾ ਅਤੇ ਓਹਨਾਂ ਦੇ ਸਾਥੀ ਛੇਤੀ ਛੇਤੀ ਉੱਥੇ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਮੱਕੇ ਦਾ ਮਹਾ ਸਰਦਾਰ ਅਬੂਜਹਿਲ ਤਿੱਨ ਸੋ ਸਵਾਰਾਂ ਦੇ ਇਕ ਲਸ਼ਕਰ ਨਾਲ ਉਹਨਾਂ ਦੇ ਸਵਾਗਤ ਲਈ ਮੌਜੂਦ ਸੀ । ਮੁਸਲਮਾਨਾਂ ਦੀ ਗਿਣਤੀ ਦੇ ਪਖੋਂ ਇਹ ਦਸ ਗੁਣਾ ਵੱਧ ਸੀ । ਦੋਵੇਂ ਦਲ ਇਕ ਦੂਜੇ ਦੇ ਸਾਹਮਣੇ ਮੁਕਾਬਲੇ ਵਿੱਚ ਖੜੇ ਹੋ ਗਏ। ਲੜਾਈ ਅਰੰਭ ਹੋਣ ਵਾਲੀ ਸੀ ਕਿ ਇਸ ਖੇਤਰ ਦੇ ਸਰਦਾਰ ਮੁਜੱਦੀ ਬਿਨ ਉਮਰੋ ਨੇ ਜੋ ਦੋਹਾਂ ਦਲਾਂ ਨਾਲ ਸੰਬੰਧ ਰਖੱਦਾ ਸੀ ਵਿਚਕਾਰ ਦਖ਼ਲਾ ਦੇਕੇ ਬਚ ਬਚਾਓ ਕਰਾਇਆ ਅਤੇ ਲੜਾਈ ਹੁੰਦੇ ਹੁੰਦੇ ਟਲ ਗਈ ।

ਮਦੀਨਿ ਹਿਜਰਤ ਦੇ ਬਾਦ ਹੋਰਨਾ ਮੁਸਲਮਾਨਾ ਵਾਂਗ ਹਜ਼ਰਤ ਹਮਜ਼ਾ ਦੇ ਆਰਥਕ ਹਾਲਾਤ ਵੀ ਖ਼ਰਾਬ ਹੋ ਗਏ ਸਨ । ਹਜ਼ਰਤ ਅਬਦੁਲੱਾ ਬਿਨ ਉਮਰੋ ਵਰਨਣ ਕਰਦੇ ਹਨ ਕਿ ਇਕ ਦਿਨ ਇਹਨੀ ਦਿਨੀ ਹਜ਼ਰਤ ਹਮਜ਼ਾ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਸੇਵਾ ਵਿੱਚ ਹਾਜ਼ਰ ਹੋਏ ਅਤੇ ਬਿਨਤੀ ਕੀਤੀ ਕਿ ਕੋਈ ਸੇਵਾ ਮੇਰੇ ਸੁਪੁਰਦ ਕਰਨ ਤਾਂ ਜੋ ਉਸ ਰਾਹੀਂ ਆਮਦਨ ਦੀ ਕੋਈ ਸੂਰਤ ਪੈਦਾ ਕਰ ਲਵਾਂ ਤਾਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ, ਹਮਜ਼ਾ ਆਪਣੀ ਅਣਖ ਕਾਇਮ ਤੇ ਜੀਉਂਦੀ ਰਖੱਣਾ ਬਹੁਤੀ ਪਸੰਦ ਹੈ ਜਾਂ ਉਸ ਨੂੰ ਮਾਰਨਾ । ਹਜ਼ਰਤ ਹਮਜ਼ਾ ਨੇ ਅਰਜ਼ ਕੀਤੀ ਮੈਂ ਤਾਂ ਉਸ ਨੂੰ ਜੀਉਂਦੀ ਰਖੱਣਾ ਹੀ ਪਸੰਦ ਕਰਦਾ ਹਾਂ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਫਿਰ ਆਪਣੇ ਅਣਖ ਦੀ ਸੁਰੱਖਿਆ ਕਰੋ । ਫਿਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਦੁਆਵਾਂ ਉਪੱਰ ਜ਼ੋਰ ਦੇਣ ਦੀ ਤਹਿਰੀਕ ਕੀਤੀ ਅਤੇ ਕੁਝ ਵਿਸ਼ੇਸ਼ ਦੁਆਵਾਂ ਸਿਖਾਈਆਂ । ਇਉਂ ਹਜ਼ਰਤ ਹਮਜ਼ਾ ਦੀ ਰਿਵਾਇਤ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਇਸ ਦੁਆ ਨੂੰ ਲਾਜ਼ਮੀ ਪੜ੍ਹੋ ਕਿ

(اللهم انى اسئلك باسمك الاعظم ورضوانك الاكبر)

ਅਲੱਾਹੁਮੱਾ ਇੱਨੀ ਅਸਆਲੁਕਾ ਬਿ ਇਸਮਿਕਲ ਆਜ਼ਮੁ ਵ ਰਿਜ਼ਵਾਨਾਕਲ ਅਕਬਰੁ ।

ਅਰਥਾਤ ਹੇ, ਅਲੱਾਹ ! ਮੈਂ ਤੈਥੋਂ ਤੇਰੇ ਸਭ ਵੱਡੇ ਨਾਂ ਅਤੇ ਰਿਜ਼ਵਾਨੇ ਅਕਬਰ ਦਾ ਵਾਸਤਾ ਦੇਕੇ ਸਵਾਲ ਕਰਦਾ ਹਾਂ ਅਤੇ ਹਮੇਸ਼ਾ ਆਪਨੇ ਇਸ ਦਾ ਫਲ ਖਾਧਾ ।

ਦੋ ਹਿਜਰੀ ਵਿੱਚ ਬਦਰ ਦਾ ਪ੍ਰਸਿੱਧ ਮਾਰਕਾ ਪੇਸ਼ ਆਇਆ । ਬਦਰ ਦੀ ਜੰਗ ਸਮੇਂ ਕੁਫ਼ੱਾਰ ਵੱਲੋਂ ਅਸਵਦ ਬਿਨ ਅਬਦੁਲ ਅਸਦ ਮਖ਼ਜ਼ੂਮੀ ਨਿਕਲਿਆ । ਇਹ ਅਤਿਅੰਕ ਕਪਟੀ ਤੇ ਬਹੁਤ ਭੈੜਾ ਵਿਅਕਤੀ ਸੀ । ਇਸ ਨੇ ਪ੍ਰਣ ਕੀਤਾ ਸੀ ਕਿ ਮੈਂ ਅਵਸ਼ ਰਸੂਲੁਲੱਾਹ ਸਲਲੱਹੁ ਅਲੈਹਿ ਵਸਲ ਦੇ ਪੂਲ'ਤੇ (ਪਾਣੀ ਦਾ ਜਲਾਸ਼ਜ) ਜਾਕੇ ਪਾਣੀ ਪੀਆਂਗਾ ਜਾਂ ਉਸ ਨੂੰ ਢਾਹ ਦਿਆਂਗਾ ਜਾਂ ਵਿਗਾੜ ਦਿਆਂਗਾ ਜਾਂ ਉਸ ਦੇ ਕੋਲ ਮਰ ਜਾਵਾਂਗਾ । ਉਹ ਇਸ ਨਿਸ਼ਚੈ ਨਾਲ ਨਿਕਲਿਆ । ਹਜ਼ਰਤ ਹਮਜ਼ਾ ਬਿਨ ਅਬਦੁਲ ਮੁਤਲਿਬ ਉਸ ਦਾ ਮੁਕਾਬਲਾ ਕਰਨ ਲਈ ਆਏ ਜੱਦ ਉਹਨਾਂ ਦੋਹਾਂ ਦਾ ਆਹਮਣਾ ਸਾਹਮਣਾ ਹੋਇਆ ਤਾਂ ਹਜ਼ਰਤ ਹਮਜ਼ਾ ਨੇ ਤਲਵਾਰ ਦੇ ਵਾਰ ਨਾਲ ਉਸ ਦੀ ਅੱਧੀ ਪਿੰਡਲੀ (ਲੱਤ) ਵੱਢ ਦਿੱਤੀ, ਉਹ ਪੂਲ ਦੇ ਨੇੜੇ ਸੀ, ਉਹ ਲੱਕ ਭਾਰ ਡਿੱਗਿਆ ਅਤੇ ਆਪਣਾ ਪ੍ਰਣ ਪੂਰਾ ਕਰਨ ਲਈ ਪੂਲ ਵੱਲ ਵੱਧਿਆ ਤਾਂ ਜੋ ਆਪਣਾ ਪ੍ਰਣ ਪੂਰਾ ਕਰ ਸਕੇ । ਹਜ਼ਰਤ ਹਮਜ਼ਾ ਨੇ ਉਸ ਦਾ ਪਿਛੱਾ ਕੀਤਾ ਅਤੇ ਉਸਨੂੰ ਵਾਰ ਕਰਕੇ ਮੁਕਾ ਦਿਤੱਾ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਬਦਰ ਦੀ ਜੰਗ ਬਾਰੇ ਵਰਨਣ ਕਰਦੇ ਹਨ ਕਿ ਇਸ ਵਿੱਚ ਕੁਫ਼ੱਾਰ ਦੀ ਗਿਣਤੀ ਮੁਸਲਮਾਨਾਂ ਤੋਂ ਬਹੁਤ ਅਧਿਕ ਸੀ । ਸਾਰੀ ਰਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰੱਬ ਦੀ ਹਜ਼ੂਰੀ ਵਿੱਚ ਆਜਜ਼ਾਨਾ ਦੁਆਵਾਂ ਅਤੇ ਗਿੜਗੜਾਉਂਣ ਵਿੱਚ ਵਿਲੀਨ ਰਹੇ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ

ਵਰਨਣ ਕਰਦੇ ਹਨ ਕਿ ਅਤਬਾ ਬਿਨ ਰਬੀਆ ਅਤੇ ਉਸ ਦੇ ਪਿੱਛੇ ਉਸ ਦਾ ਪੁਤੱਰ ਅਤੇ ਭਾਈ ਵੀ ਨਿਕਲੇ ਅਤੇ ਪੁਕਾਰ ਕੇ ਕਿਹਾ ਕਿ ਕੌਣ ਹੈ ਜੋ ਸਾਡੇ ਟਾਕਰੇ'ਤੇ ਆਉਂਦਾ ਹੈ । ਅਤਬਾ ਨੇ ਕਿਹਾ ਕਿ ਅਸੀਂ ਤਾਂ ਕੇਵਲ ਆਪਣੇ ਚਾਚਾ ਦੇ ਪੁਤੱਰਾਂ ਨਾਲ ਜੰਗ ਕਰਨ ਦਾ ਨਿਸ਼ਚਾ ਰਖੱਦੇ ਹਾਂ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ, ਹਮਜ਼ਾ , ਹੇ ਅਲੀ, ਹੇ ਉਬੈਦਾ ਬਿਨ ਹਾਰਸ ਅੱਗੇ ਵਧੋ । ਹਮਜ਼ਾ ਅਤਬਾ ਵੱਲ ਵਧੇ, ਹਜ਼ਰਤ ਅਲੀ ਕਹਿੰਦੇ ਹਨ ਕਿ ਮੈਂ ਸ਼ੈਬਾ ਵੱਲ ਵੱਧਿਆ ਅਤੇ ਉਬੈਦਾ ਤੇ ਵਲੀਦ ਵਿੱਤ ਝੜਪ ਹੋਈ । ਹਜ਼ਰਤ ਅਲੀ ਤੇ ਹਜ਼ਰਤ ਹਮਜ਼ਾ ਨੇ ਤਾਂ ਆਪਣੇ ਵਿਰੋਧੀਆਂ ਨੂੰ ਮਾਰ ਮੁਕਾਇਆ । ਹਜ਼ਰਤ ਹਮਜਾਂ ਦੀ ਬਹਰਾਦੁਰੀ ਦਾ ਤਾਂ ਇਹ ਆਲਮ ਸੀ ਕਿ ਬਦਰ ਦੀ ਜੰਗ ਵਿੱਚ ਕੁਫ਼ਾਰ ਵਿੱਚ ਦਹਸ਼ਤ ਪਾਉਣ ਲਈ ਆਪ ਨੇ ਸ਼ੁਤਰਮੁਰਗ ਦਾ ਪਰ ਜੰਗ ਦੀ ਨਿਸ਼ਾਨੀ ਲਈ ਲਾਈ ਰੱਖਿਆ ਸੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਤੋਂ ਰਿਵਾਇਤ ਹੈ ਕਿ ਉਮਯੱਾ ਬਿਨ ਖ਼ਲਫ਼ ਕੁਰੈਸ਼ ਦੇ ਸਰਦਾਰਾਂ ਵਿੱਚੋਂ ਸੀ ਜੋ ਕਿ ਮੱਕੇ ਵਿੱਚ ਹਜ਼ਰਤ ਬਿਲਾਲ ਨੂੰ ਕਸ਼ਟ ਦਿੰਦਾ ਸੀ, ਬਦਰ ਦੀ ਜੰਗ ਵਿੱਚ ਅੰਸਾਰ ਦੇ ਹੱਥੀ ਮਾਰਿਆ ਗਿਆ, ਉਸ ਨੇ ਮੈਥੋਂ ਪੁੱਛਿਆ ਕਿ ਇਹ ਕੌਣ ਵਿਅਕਤੀ ਹੈ ਜਿਸ ਦੀ ਹਿੱਕ ਵਿੱਚ ਸ਼ੁਤਰਮੁਰਗ ਦੇ ਪਰ ਲਗੱਾ ਹੋਇਆ ਹੈ । ਮੈਂ ਕਿਹਾ ਕਿ ਇਹ ਹਮਜ਼ਾ ਬਿਨ ਅਬਦੁਲ ਮੁਤਲਿਬ ਹਨ ਕਿ ਇਹੋ ਉਹ ਵਿਅਕਤੀ ਹੈ ਜਿਸ ਨੇ ਅੱਜ ਸਾਨੂੰ ਸਭ ਤੋਂ ਵੱਧ ਹਾਣ ਪਹੁੰਚਾਇਆ ਹੈ । ਅੰਗ੍ਰੇਜ਼ ਖੋਜੀ ਲੇਖਕ ਸਰ ਵਿਲਿਯਮ ਮਿਊਰ ਬਦਰ ਦੀ ਜੰਗ ਬਾਰੇ ਹਜ਼ਰਤ ਹਮਜ਼ਾ ਦੀ ਮੌਜੂਦਗੀ ਬਾਰੇ ਲਿਖੱਦਾ ਹੈ ਕਿ ਹਮਜ਼ਾ ਲਹਿਰਾਉਂਦੇ ਹੋਏ ਸ਼ੁਤਰਮੁਰਗ ਦੇ ਪਰ ਨਾਲ ਹਰ ਥਾਂ ਦਿਖਾਈ ਦਿੰਦੇ ਸਨ ਅਤੇ ਹੋਰ ਵੀ ਅਨੇਕਾਂ ਸਰਦਾਰਾਂ ਨੂੰ ਆਪ ਨੇ ਮਾਰ ਮੁਕਾਇਆ ਰਣਖੇਤਰ ਵਿੱਚ । ਉਹਦ ਦੀ ਜੰਗ ਵਿੱਚ ਵੀ ਹਜ਼ਰਤ ਹਮਜ਼ਾ ਨੇ ਆਪਣੇ ਜੌਹਰ ਕੇ ਕਮਾਲ ਦਿਖਾਏ । ਆਪ ਦੀ ਬਹਾਦੁਰੀ ਮੱਕੇ ਦੀ ਕੁਰੈਸ਼ ਦੀਆਂ ਅਖੱਾ ਵਿੱਚ ਰੜਕਦੀ ਸੀ । ਬੁਖ਼ਾਰੀ ਵਿੱਚ ਇਸ ਦਾ ਵਿਸਥਾਰ ਇਉਂ ਵਰਨਣ ਹੈ । ਕਿ ਉਮੈਰ ਬਿਨ ਇਸਹਾਕ ਤੋਂ ਰਿਵਾਇਤ ਹੈ ਕਿ ਉਹਦ ਦੇ ਦਿਨ ਹਮਜ਼ਾ ਬਿਨ ਅਬਦੁਲ ਮੁਤਲਿਬ ਰਸੂਲੁਲੱਲਾਹ ਸਲਲਾਹੁ ਅਲੈਹਿ ਵਸਲਮ ਦੇ ਅੱਗੇ ਦੋ ਤਲਵਾਰਾਂ ਨਾਲ ਜੰਗ ਕਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਮੈਂ ਅਸਦੁਲੱਾਹ ਹਾਂ ਅਤੇ ਕਦੇ ਅੱਗੇ ਜਾਂਦੇ ਕਦੇ ਪਿੱਛੇ ਜਾਂਦੇ ਕਦੇ ਪਿੱਛੇ ਹਟੱਦੇ, ਉਹ ਇਸੇ ਅਵਸਥਾ ਵਿੱਚ ਸਨ ਕਿ ਅਚਨਚੇਤ ਫਿਸਲਕੇ ਪਿੱਠ ਭਾਰ ਡਿੱਗ ਗਏ, ਉਹਨਾਂ ਨੂੰ ਵਹਸ਼ੀ ਅਸਵਦ ਨੇ ਦੇਖ ਲਿਆ । ਅਬੂ ਉਸਾਮਾ ਨੇ ਕਿਹਾ ਕਿ ਉਸ ਨੇ ਉਹਨਾਂ ਨੂੰ ਨੇਜ਼ਾ ਖਿੱਚ ਮਾਰਿਆ, ਕਤਲ ਕਰ ਦਿਤੱਾ ਅਤੇ ਹਜ਼ਰਤ ਹਮਜ਼ਾ ਹਿਜਰਤ ਨਬਵੀ ਦੇ ਬਾਦ ਬੱਤੀਵੇਂ ਮਹੀਨੇ ਵਿੱਚ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਆਪ ਦੀ ਉਮਰ ਉਸ ਸਮੇਂ ਉਨ੍ਹਾਠ ਸਾਲ ਸੀ । ਸੀਰਤ ਇਬਨੇ ਹਸ਼ੱਾਮ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਹਮਜ਼ਾ ਦੀ ਮ੍ਰਿਤਕਦੇਹ ਉਪੱਰ ਖੜੇ ਹੋਕੇ ਫ਼ਰਮਾਇਆ ਕਿ ਹੇ, ਹਮਜ਼ਾ ! ਤੇਰੀ ਇਸ ਔਕੁੜ ਜਿਹੀ ਕੋਈ ਔਕੜ ਮੈਨੂੰ ਕਦੇ ਨਹੀਂ ਪਹੁੰਚੇਗੀ । ਮੈਂ ਇਸ ਤੋਂ ਵੱਧ ਕਸ਼ਟ ਦਾ ਉਹ ਦ੍ਰਿਸ਼ ਕਦੇ ਨਹੀਂ ਦੇਖਿਆ । ਫਿਰ ਆਪ ਨੇ ਫ਼ਰਮਾਇਆ ਜਿਬਰੀਲ ਨੇ ਮੈਨੂੰ ਆਣਕੇ ਖ਼ਬਰ ਦਿੱਤੀ ਹੈ ਕਿ ਹਮਜ਼ਾ ਬਿਨ ਅਬਦੁਲ ਮੁਤਲਿਬ ਨੂੰ ਸੱਤ ਅਕਾਸ਼ਾਂ ਵਿੱਚ ਰੱਬ ਅਤੇ ਉਸ ਦੇ ਰਸੂਲ ਦਾ ਸ਼ੇਰ ਲਿੱਖਿਆ ਗਿਆ ਹੈ ।

ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਉਹਦ ਦੀ ਜੰਗ ਦੇ ਦਿਨ ਅਖੀਰ ਵਿੱਚ ਮੇਰੀ ਮਾਂ ਹਜ਼ਰਤ ਸਫ਼ੀਆ ਬਹੁਤ ਤੇਜ਼ੀ ਨਾਲ ਆਉਂਦੀ ਹੋਈ ਦਿਖਾਈ ਦਿੱਤੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਸ ਨੂੰ ਚੰਗਾ ਨਹੀਂ ਸਮਝਿਆ ਕਿ ਕੋਈ ਇਸਤਰੀ ਉੱਥੇ ਆਏ ਅਤੇ ਸ਼ਹੀਦਾਂ ਦੀਆਂ ਦੇਹਾਂ ਨੂੰ ਦੇਖ ਸਕੇ । ਇਸ ਲਈ ਫ਼ਰਮਾਇਆ ਕਿ ਇਸ ਇਸਤਰੀ ਨੂੰ ਰੋਕੋ । ਸੋ, ਮੈਂ ਉਹਨਾਂ ਵੱਲ ਦੌੜਦਾ ਗਿਆ, ਉਹਨਾਂ ਨੇ ਮੈਨੂੰ ਦੇਖਕੇ ਮੇਰੀ ਹਿੱਕ ਵਿੱਚ ਮਾਰਕੇ ਮੈਨੂੰ ਪਿਛਾਂ ਧਕੇਲ ਦਿਤੱਾ ਅਤੇ ਆਖਣ ਲੱਗੀ ਕਿ ਪਰ੍ਹੇ ਹਟੋ ਮੈਂ ਤੁਹਾਡੀ ਕੋਈ ਗੱਲ ਨਹੀਂ ਮੰਨਾ ਗੀ । ਮੈਂ ਅਰਜ਼ ਕੀਤੀ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲ ਨੇ ਆਪ ਨੂੰ ਰੋਕਣ ਲਈ ਆਖਿਆ ਹੈ ਕਿ

ਆਪ ਇਹਨਾਂ ਲੋਥਾਂ ਨੂੰ ਨ ਦੇਖਣ । ਇਹ ਸੁਣਦਿਆਂ ਹੀ ਉਹ ਰੁੱਕ ਗਈਂ ਅਤੇ ਆਪਣੇ ਕੋਲ ਮੌਜੂਦ ਦੋ ਕਪੜੇ ਕਢੱਕੇ ਕਿਹਾ ਕਿ ਇਹ ਦੋ ਕਪੜੇ ਹਨ ਜੋ ਮੈਂ ਆਪਣੇ ਭਾਈ ਹਮਜ਼ਾ ਲਈ ਲਿਆਈ ਹਾਂ, ਕਿਉਂਕਿ ਮੈਂਨੂੰ ਉਹਨਾਂ ਦੀ ਸ਼ਹੀਦੀ ਦੀ ਖ਼ਬਰ ਮਿਲ ਚੁਕੀ ਹੈ । ਤਾਂ ਇਹ ਸੀ ਆਗਿਅਕਾਰੀ ਉਸ ਜੁੱਗ ਦੀ ਕਿ ਸੁਣਦਿਆਂ ਹੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੈ ਦੁੱਖ ਦੀ ਅਵਸਥਾ ਵਿੱਚ ਹੁੰਦਿਆਂ ਹੋਇਆਂ ਵੀ ਅਤੇ ਬਹੁਤ ਜੋਸ਼ ਵਿੱਚ ਹੁੰਦਿਆ ਹੋਇਆਂ ਵੀ ਝੱਟ ਆਪਣੀਆਂ ਭਾਵਨਵਾਂ ਨੂੰ ਕੰਟ੍ਰੋਲ ਕੀਤਾ ਅਤੇ ਰੁੱਕ ਗਈ ਜਿੱਥੇ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਨਾਂ ਸੁਣਿਆ । ਇਹ ਕਾਮਲ ਆਗਿਆਕਾਰੀ ਹੈ ।

ਹਜ਼ਰਤ ਹਮਜ਼ਾ ਨੂੰ ਇਕ ਹੀ ਕਪੜੇ ਵਿੱਚ ਕਫ਼ਨ ਦਿਤੱਾ ਗਿਆ, ਜੱਦ ਆਪਦਾ ਸਰ ਢੱਕਿਆ ਜਾਂਦਾ ਤਾਂ ਦੋਵੇਂ ਪੈਰ੍ਹਾਂ ਤੋਂ ਕਪੜਾ ਹੱਟ ਜਾਂਦਾ ਸੀ ਅਤੇ ਜੱਦ ਚਾਦੱਰ ਪੈਰਾਂ ਵੱਲ ਖਿੱਚੀ ਜਾਂਦੀ ਤਾਂ ਆਪਦੇ ਮੂੰਹ ਤੋਂ ਕਪੜਾ ਹੱਟ ਜਾਂਦਾ ਤਾਂ ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਆਪ ਦਾ ਚਿਹਰਾ ਢੱਕ ਦਿਤੱਾ ਜਾਏ ਅਤੇ ਪੈਰ੍ਹਾਂ'ਤੇ ਅਜ਼ਖ਼ਰ ਘਾਹ ਰੱਖ ਦਿੱਤੀ ਜਾਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਸ ਦਿਨ ਹਜ਼ਰਤ ਹਮਜ਼ਾ ਦੀ ਨਮਾਜ਼ ਜਨਾਜ਼ਾ ਹੋਰਨਾ ਬਾਕੀ ਸ਼ਹੀਦਾਂ ਨਾਲ ਸਤੱਰ ਵਾਰ ਪੜ੍ਹਾਈ ਕਿਉਂਕਿ ਹਰ ਵਾਰ ਹਜ਼ਰਤ ਹਮਜ਼ਾ ਦੀ ਦੇਹ ਉੱਥੇ ਹੀ ਪਈ ਰਹਿੰਦੀ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਉਹ ਲੋਕ ਸਨ ਜਿੰਨ੍ਹਾ ਤੋਂ ਰੱਬ ਰਾਜ਼ੀ ਹੋਇਆ ਅਤੇ ਉਹ ਰੱਬ ਤੋਂ ਰਾਜ਼ੀ ਹੋਏ, ਜੋ ਖੁਲ੍ਹ ਡੁਲ ਵਿੱਚ ਆਪਣੇ ਭਰਾਵਾਂ ਨੂੰ ਚੇਤੇ ਰਖੱਦੇ ਸਨ ਅਤੇ ਆਪਣੀ ਬੀਤੀ ਹਾਲਤ ਨੂੰ ਸਾਹਮਣੇ ਰਖੱਦੇ ਸਨ । ਅਲੱਾਹ ਤਆਲਾ ਇਹਨਾਂ ਸਾਰਿਆਂ ਦੇ ਦਰਜੇ ਬੁਲੰਦ ਤੋਂ ਬੁਲੰਦ ਕਰਦਾ ਚਾ ਜਾਏ ।

ਕਾਅਬ ਬਿਨ ਮਾਲਕ ਨੇ ਹਜ਼ਰਤ ਹਮਜ਼ਾ ਦੀ ਸ਼ਹਾਦਤ ਉਪੱਰ ਆਪਣੇ ਮਰਸੀਏ ਵਿੱਚ ਕਿਹਾ ਸੀ ਕਿ ਮੇਰੀਆਂ ਅਖੱਾਂ ਹੰਝੂ ਵਹਾਉਂਦੀਆਂ ਹਨ ਅਤੇ ਹਮਜ਼ਾ ਦੀ ਮੌਤ'ਤੇ ਉਹਨਾਂ ਨੂੰ ਰੋਣ ਦਾ ਹੱਕ ਵੀ ਹੈ ਪਰ ਰੱਬ ਦੇ ਸ਼ੇਰ ਦੀ ਮੌਤ ਉਪੱਰ ਰੋਣ ਧੋਣ ਅਤੇ ਚੀਕਾਂ ਮਾਰਨ ਨਾਲ ਕੀ ਹਾਸਲ ਹੋ ਸਕਦਾ ਹੈ, ਉਹ ਰੱਬ ਦਾ ਸ਼ੇਰ ਹਮਜ਼ਾ ਜਿਸ ਸਵੇਰ ਉਹ ਸ਼ਹੀਦ ਹੋਇਆ ਦੁਨੀਆ ਕਹਿ ਉੱਠੀ ਕਿ ਸ਼ਹੀਦ ਤਾਂ ਇਹ ਜਵਾਂਮਰਦ ਹੋਇਆ ਹੈ । ਅਲੱਾਹ ਤਆਲਾ ਇਹਨਾਂ ਸਹਾਬਾ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ ਅਤੇ ਉਹਨਾਂ ਨੇ ਆਪਣੀਆਂ ਕੁਰਬਾਨੀਆ ਦੀਆਂ ਜੋ ਉਧਾਰਣਾ ਕਾਇਮ ਕੀਤੀਆਂ ਹਨ ਉਹ ਰਹਿੰਦੀ ਦੁਨੀਆ ਤੱਕ ਮੁਸਲਮਾਨ ਚੇਤੇ ਰਖੱਣ ਅਤੇ ਉਹਨਾਂ ਨੇ ਜੋ ਨੇਕੀਆਂ ਦੇ ਨਮੂਨੇ ਕਾਇਮ ਕੀਤੇ ਹਨ ਜੋ ਜੀਵਨ ਸ਼ੈਲੀ ਕਾਇਮ ਕੀਤੀ ਹੈ ਉਹਨਾ'ਤੇ ਅਮਲ ਕਰਨ ਦੀ ਵੀ ਤੋਫ਼ੀਕ ਪ੍ਰਦਾਨ ਕਰੇ ।

**Khulasa Khutba Jumma 04.05.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131